ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟਰ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ , ਅਜੀਤਗੜ੍ਹ
ਪੜ੍ਹਦੇ ਜਾਓ, ਵੱਧਦੇ ਜਾਓ
RASHTRIYA MADHYAMIK SHIKSHA ABHIYAN
ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਅਜੀਤਗੜ੍ਹ (ਮੁਹਾਲੀ) ਫੋਨ ਨੰ:0172-5212310

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿੱ)(ਨੋਟਿਸ ਬੋਰਡ ਰਾਹੀਂ)
ਪੰਜਾਬ।
2. ਸਮੂਹ ਸਕੂਲ ਮੁੱਖੀਆਂ (ਹਾਈ/ਸੀਨੀਅਰ ਸੈਕੰਡਰੀ) (ਵੈੱਬਸਾਈਟ ਰਾਹੀਂ)
ਪੰਜਾਬ।

**ਮੀਮੋ ਨੰ: ਏ.ਐਸ.ਪੀ.ਡੀ/ਪਲਾਨਿੰਗ/ਰਮਸਅ/2013/R005362 ਮਿਤੀ: 31.10.2013**

**ਵਿਸ਼ਾ:- ਬਲਾਕ ਪੱਧਰ ਅਤੇ ਜ਼ਿਲ੍ਹਾ ਪੱਧਰ ਤੇ Quiz ਪ੍ਰਤੀਯੋਗਤਾ ਕਰਵਾਉਣ ਸਬੰਧੀ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2. ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਤਹਿਤ ਪੰਜਾਬ ਰਾਜ ਦੇ ਸਾਰੇ ਸਰਕਾਰੀ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ 9ਵੀਂ ਅਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਦੀ ਪੜ੍ਹਾਈ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਗਣਿਤ, ਸਾਇੰਸ, ਅੰਗਰੇਜੀ ਅਤੇ ਸਮਾਜਿਕ ਸਿੱਖਿਆ ਦੇ ਵਿਸ਼ਿਆਂ ਦੀ ਕੁਇਜ਼ ਪ੍ਰਤੀਯੋਗਤਾ ਕਰਵਾਈ ਜਾ ਰਹੀ ਹੈ।।
3. ਇਸ ਪ੍ਰਤੀਯੋਗਤਾ ਵਿੱਚ ਸਾਇੰਸ/ਮੈਥ/ਅੰਗਰੇਜ਼ੀ/ਸਮਾਜਿਕ ਸਿੱਖਿਆ ਵਿਸ਼ੇ ਨਾਲ ਸਬੰਧਤ 9ਵੀਂ ਅਤੇ 10ਵੀਂ ਜਮਾਤ ਦੇ ਸਿਲੇਬਸ ਤੇ ਅਧਾਰਿਤ ਪ੍ਰਸ਼ਨ ਹੋਣਗੇ।
4. ਬਲਾਕ ਪੱਧਰ ਅਤੇ ਜਿਲ੍ਹਾ ਪੱਧਰ ਤੇ ਕਰਵਾਈ ਜਾ ਰਹੀ ਕੁਇਜ਼ ਪ੍ਰਤੀਯੋਗਤਾ ਦੀ ਮਿਤੀ ਅਤੇ ਸਮਾਂ ਹੇਠ ਲਿਖੇ ਅਨੁਸਾਰ ਹੋਵੇਗਾ:

| ਲੜੀ ਨੰ: | ਜ਼ਿਲ੍ਹਾ/Cluster ਪੱਧਰ | ਮਿਤੀ | ਸਮਾਂ |
|---|---|---|---|
| 1 | ਬਲਾਕ ਪੱਧਰ | 11.11.13 | ਸਵੇਰ 10.00 ਤੋਂ 1.00 ਤੱਕ |
| 2 | ਜ਼ਿਲ੍ਹਾ ਪੱਧਰ | 22.11.13 | ਸਵੇਰ 10.00 ਤੋਂ 1.00 ਤੱਕ |

5. ਬਲਾਕ ਪੱਧਰ ਅਤੇ ਜਿਲ੍ਹਾ ਪੱਧਰ ਤੇ ਹੋਣ ਵਾਲੇ ਕੁਇਜ਼ ਪ੍ਰਤੀਯੋਗਤਾ ਦਾ ਸਾਰਾ ਰਿਕਾਰਡ (ਵਿਦਿਆਰਥੀਆਂ ਦਾ ਹਾਜ਼ਰੀ, ਫੋਟੋਗ੍ਰਾਫਸ, ਜੱਜਾਂ ਦੇ ਨਾਂ, ਜੇਤੂ ਵਿਦਿਆਰਥੀਆਂ ਦੇ ਨਾਮ ਅਤੇ ਖਰਚੇ ਸਬੰਧੀ ਆਦਿ) ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵਲੋਂ ਮੇਨਟੇਨ ਕਰਵਾਇਆ ਜਾਵੇਗਾ ਅਤੇ ਉਸਦੀ ਰਿਪੋਰਟ ਆਰ.ਐਮ.ਐਸ.ਏ ਪਲਾਨਿੰਗ ਦੀ ਈ.ਮੇਲ rmsaplanning@gmail.com ਤੇ ਭੇਜੀ ਜਾਵੇ।

6. ਬਲਾਕ ਅਤੇ ਜਿਲ੍ਹਾ ਪੱਧਰ ਤੇ ਪ੍ਰਸ਼ਨ ਪੱਤਰ ਸਬੰਧਤ ਡੀ.ਆਰ.ਪੀ. (ਮੈਥ, ਅੰਗਰੇਜੀ ਅਤੇ ਐਸ.ਐਸ.ਟੀ) ਅਤੇ ਡੀ.ਐਸ.ਐਸ. ਟੀਮ ਦੇ ਵਿਸ਼ਾ ਮਾਹਿਰ ਤਿਆਰ ਕਰਨਗੇ। ਬਲਾਕ ਪੱਧਰ ਦਾ ਪ੍ਰਸ਼ਨ ਪੱਤਰ ਸਬੰਧਤ ਜਿਲ੍ਹੇ ਦੇ ਸਮੂਹ ਬਲਾਕਾਂ ਲਈ ਸਾਂਝਾ ਹੋਵੇਗਾ। ਜ਼ਿਲ੍ਹਾ ਪੱਧਰੀ ਪ੍ਰਸ਼ਨ ਪੱਤਰ ਦਾ ਮਿਆਰ ਬਲਾਕ ਪੱਧਰੀ ਪ੍ਰਸ਼ਨ ਪੱਤਰ ਨਾਲੋਂ ਉੱਚਾ ਹੋਵੇਗਾ।

7. ਬਲਾਕ ਪੱਧਰ ਤੇ ਹੋਣ ਵਾਲੇ **Quiz** ਪ੍ਰਤੀਯੋਗਤਾ ਵਿਚ ਹਰੇਕ ਸਕੂਲ ਵਿਚੋਂ ਇੱਕ ਟੀਮ ਭਾਗ ਲਏਗੀ।

8. ਇਸ ਪ੍ਰਤੀਯੋਗਤਾ ਲਈ ਪ੍ਰਤੀ ਸਕੂਲ 1 ਟੀਮ ਵਿੱਚ, 9ਵੀਂ ਅਤੇ 10ਵੀਂ ਜਮਾਤ ਦਾ 1-1 ਵਿਦਿਆਰਥੀ ਭਾਗ ਲੈ ਸਕਦਾ ਹੈ, ਜਿਨ੍ਹਾਂ ਦੇ ਨਾਮ ਸਕੂਲ ਮੁੱਖੀ ਲਿਖਤੀ ਤੌਰ ਤੇ ਦੇਣਗੇ।

9. ਪ੍ਰਸ਼ਨ ਓਬਜੈਕਟਿਵ ਟਾਈਪ ਹੋਣਗੇ ਜਿਸਦੇ ਉੱਤਰ ਇੱਕ ਸ਼ਬਦੀ ਹੋਣਗੇ।

10. ਪ੍ਰਸ਼ਨ ਮੈਥ/ਸਾਇੰਸ/ਅੰਗਰੇਜੀ/ਸਮਾਜਿਕ ਸਿੱਖਿਆ ਦੇ ਵਿਸ਼ੇ ਨਾਲ ਸਬੰਧਤ 9ਵੀਂ ਅਤੇ 10ਵੀਂ ਜਮਾਤ ਦੇ ਸਿਲੇਬਸ ਤੇ ਅਧਾਰਿਤ ਹੋਣਗੇ।

11. ਇਹ ਮੁਕਾਬਲਾ ਚਾਰ ਪੜਾਵਾਂ (ਸਾਇੰਸ, ਮੈਥ, ਐਸ.ਐਸ. ਅਤੇ ਅੰਗਰੇਜੀ) ਵਿੱਚ ਹੋਵੇਗਾ। ਜ਼ਰੂਰਤ ਅਨੁਸਾਰ ਇਹ ਪੜਾਅ ਵਧਾਏ ਵੀ ਜਾ ਸਕਦੇ ਹਨ।

12 ਹਰੇਕ ਪ੍ਰਸ਼ਨ 2 ਅੰਕਾਂ ਦਾ ਹੋਵੇਗਾ। ਟੀਮ ਦਾ ਉੱਤਰ ਸਹੀ ਹੋਵੇ ਤਾਂ ਟੀਮ ਨੂੰ 2 ਅੰਕ ਮਿਲਣਗੇ। ਹਰੇਕ ਪ੍ਰਸ਼ਨ ਦਾ ਉੱਤਰ ਦੇਣ ਲਈ 20 ਸੈਕਿੰਡ ਦਿੱਤੇ ਜਾਣਗੇ। ਜੇਕਰ ਟੀਮ ਉੱਤਰ ਨਾ ਦੇ ਸਕੇ ਜਾਂ ਗਲਤ ਉੱਤਰ ਹੋਵੇ ਤਾਂ ਪ੍ਰਸ਼ਨ ਅਗਲੀ ਟੀਮ ਨੂੰ ਪਾਸ ਕਰ ਦਿੱਤਾ ਜਾਵੇਗਾ।ਜੋ ਟੀਮ ਅਜਿਹੇ ਪਾਸ ਕੀਤੇ ਪ੍ਰਸ਼ਨ ਦਾ ਸਹੀ ਉੱਤਰ ਦੇਵੇਗੀ ਉਸ ਨੂੰ 1 ਅੰਕ ਪ੍ਰਾਪਤ ਹੋਵੇਗਾ।

13. ਬਲਾਕ ਪੱਧਰ ਤੇ ਪ੍ਰਥਮ ਆਉਣ ਵਾਲੀ ਟੀਮ ਅੱਗੇ ਜ਼ਿਲ੍ਹੇ ਪੱਧਰ ਤੇ ਪ੍ਰਤੀਯੋਗਤਾ ਵਿੱਚ ਭਾਗ ਲਵੇਗੀ।

14. **Quiz** ਪ੍ਰਤੀਯੋਗਤਾ ਲਈ ਬਲਾਕ ਪੱਧਰ ਅਤੇ ਜਿਲ੍ਹਾ ਪੱਧਰ ਤੇ ਜੇਤੂਆਂ ਲਈ ਹੇਠ ਲਿਖੇ ਅਨੁਸਾਰ ਅਵਾਰਡ ਦਿੱਤੇ ਜਾਣਗੇ :

| | ਪਹਿਲਾ ਸਥਾਨ | ਦੂਜਾ ਸਥਾਨ | ਤੀਜਾ ਸਥਾਨ |
|---|---|---|---|
| ਬਲਾਕ ਪੱਧਰ | 600/- | 400/- | 300/- |
| ਜ਼ਿਲ੍ਹਾ ਪੱਧਰ | 1000/- | 800/- | 600/- |

15. ਰਾਜ ਪੱਧਰੀ ਕੁਇਜ਼ ਪ੍ਰਤੀਯੋਗਤਾ ਮੁੱਖ ਦਫ਼ਤਰ ਵਲੋਂ ਕਰਵਾਈ ਜਾਵੇਗੀ।ਇਸ ਲਈ ਪ੍ਰਸ਼ਨ ਪੱਤਰ ਮੁੱਖ ਦਫ਼ਤਰ ਵਲ਼ੋ ਹੀ ਤਿਆਰ ਕੀਤੇ ਜਾਣਗੇ। ਇਸ ਪ੍ਰਤੀਯੋਗਤਾ ਦੀ ਮਿਤੀ ਅਤੇ ਸਥਾਨ ਬਾਅਦ ਵਿੱਚ ਨਿਸ਼ਚਿਤ ਕੀਤਾ ਜਾਵੇਗਾ।

16. ਜਿਲ੍ਹਾ ਪੱਧਰ ਕੁਇਜ਼ ਮੁਕਾਬਲਾ ਕਰਵਾਉਣ ਲਈ ਬਲਾਕ ਪੱਧਰ ਤੇ ਪ੍ਰਤੀ ਬਲਾਕ 400/- ਰੁਪਏ ਅਤੇ ਜ਼ਿਲ੍ਹਾ ਪੱਧਰ ਤੇ ਪ੍ਰਤੀ ਜ਼ਿਲ੍ਹਾ 1000/- ਰੁਪਏ ਪ੍ਰਬੰਧਕੀ ਖਰਚਾ ਦਿੱਤਾ

ਗਿਆ ਹੈ। ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਨੂੰ ਹੈੱਡ-ਆਫਿਸ ਤੋਂ **ਅਨੁੱਲਗ 'ੳ'** ਮੁਤਾਬਿਕ ਰਾਸ਼ੀ ਰਿਲੀਜ਼ ਕੀਤੀ ਜਾ ਰਹੀ ਹੈ।

17. ਇਸ ਪ੍ਰੋਗਰਾਮ ਦੀ ਸਾਰੀ ਦੇਖ-ਰੇਖ ਡੀ.ਈ.ਓ(ਸੈ.ਸਿੱ) ਅਤੇ ਡੀ.ਪੀ.ਸੀ ਵੱਲੋਂ ਨਿਗਰਾਨੀ ਕੀਤੀ ਜਾਵੇਗੀ ਅਤੇ ਇਸ ਪ੍ਰੋਗਰਾਮ ਦਾ ਪ੍ਰਬੰਧ ਅਤੇ **Quiz** ਪ੍ਰਤੀਯੋਗਤਾ ਕਰਾਉਣ ਦੀ ਜਿੰਮੇਵਾਰੀ ਡੀ.ਐਸ.ਐਸ ਅਤੇ ਉਸ ਦੀ ਟੀਮ ਦੀ ਹੋਵੇਗੀ।

18. ਜਾਰੀ ਕੀਤੀ ਗਈ ਰਾਸ਼ੀ ਦਾ ਖਰਚ ਕਰਨ ਦੀ ਜਿੰਮੇਦਾਰੀ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) , ਡੀ.ਪੀ.ਸੀ (ਰਮਸਅ) ਅਤੇ ਡੀ.ਐਸ.ਐਸ ਇਹਨਾਂ ਤਿੰਨ ਮੈਂਬਰਾਂ ਦੇ ਆਧਾਰਿਤ ਕਮੇਟੀ ਕਰੇਗੀ ਅਤੇ ਇਸ ਦੀ ਅਦਾਇਗੀ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵੱਲੋਂ ਜਾਰੀ ਕੀਤੀ ਗਈ ਰਾਸ਼ੀ ਵਿੱਚੋਂ ਕੀਤੀ ਜਾਵੇਗੀ।

19. ਮਿਥੀ ਮਿਤੀ ਉੱਤੇ ਇਹ ਪ੍ਰਤੀਯੋਗਤਾ ਕਰਾਕੇ ਇਸ ਦੀ ਪੂਰਨ ਰਿਪੋਰਟ ਅਤੇ ਰਾਸ਼ੀ ਦਾ ਵਰਤੋਂ ਸਰਟੀਫਿਕੇਟ 31/11/2013 ਤੱਕ ਭੇਜਿਆ ਜਾਵੇ।

ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ।

**ਪਿੰਠਅੰਕਣ ਨੰ:** ਟ.ਐਸ.ਪੀ.ਡੀ/PL/RMSA/2013/R005363 **ਮਿਤੀ** 31.10.2013

ਉਪਰੋਕਤ ਦਾ ਉਤਾਰਾ ਡੀ.ਆਰ.ਪੀ ਅੰਗਰੇਜ਼ੀ, ਮੈਥ, ਸਾਇੰਸ, ਸਮਾਜਿਕ ਸਿੱਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜ਼ਾਦਾ ਹੈ।

ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ।